# <u>ਨੀਲਾਮੀ ਇਸ਼ਤੇਹਾਰ ਗੱਡੀਆਂ</u>

ਨੰਬਰ : 63787 ਮਿਤੀ : 25.05.2026

ਪੁਲਿਸ ਵਿਭਾਗ ਕਮਿਸ਼ਨਰੇਟ ਜਲੰਧਰ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਟਰੈਫਿਕ ਪੁਲਿਸ ਕਮਿਸ਼ਨਰੇਟ ਜਲੰਧਰ ਦੇ ਵਾਹਨ ਯਾਰਡ ਵਿੱਚ ਸਾਲ-2013 ਤੋਂ ਸਾਲ-2020 ਤੱਕ ਦੇ ਅ/ਧ 207 ਮੋਟਰ ਵਹੀਕਲ ਐਕਟ ਦੇ ਕੁੱਲ 422 ਵਹੀਕਲਾਂ ਦੀ ਨਿਲਾਮੀ ਖੁੱਲੀ ਬੋਲੀ ਰਾਹੀਂ ਨਿਰਧਾਰਿਤ ਨਿਲਾਮੀ ਕਮੇਟੀ ਵੱਲੋਂ **<u>ਮਿਤੀ 29/05/2026 ਨੂੰ ਸਮਾਂ 12.00 ਵਜੇ ਸਵੇਰ ਪੁਲਿਸ ਲਾਇਨ ਕਮਿਸ਼ਨਰੇਟ ਜਲੰਧਰ</u>** ਵਿੱਖੇ ਕਰਵਾਈ ਜਾਣੀ ਹੈ। ਇਹ ਨਿਲਾਮ ਹੋਣ ਵਾਲੇ ਵਹੀਕਲ ਇਸ ਸਮੇਂ ਟਰੈਫਿਕ ਪੁਲਿਸ ਕਮਿਸ਼ਨਰੇਟ ਜਲੰਧਰ ਦੇ ਵਾਹਨ ਯਾਰਡ ਵਿੱਚ ਖੜ੍ਹੇ ਹਨ। ਹਰ ਕੋਈ ਵਿਅਕਤੀ ਜੋ ਬੋਲੀ ਦੇਣ ਦਾ ਇਛੁੱਕ ਹੈ। ਉਹ ਬੋਲੀ ਵਿੱਚ ਹਿੱਸਾ ਲੈ ਸਕਦਾ ਹੈ। ਹਰ ਇੱਕ ਬੋਲੀਕਾਰ ਇਹਨਾਂ ਵਹੀਕਲਾਂ ਸਬੰਧੀ ਜਾਣਕਾਰੀ **<u>ਮਿਤੀ 27/05/2026 ਨੂੰ ਵਾਹਨ ਯਾਰਡ ਟਰੈਫਿਕ ਸਟਾਫ ਕਮਿਸ਼ਨਰੇਟ ਜਲੰਧਰ</u>** ਵਿੱਚ ਆ ਕੇ ਖੁਦ ਵੀ ਹਾਸਲ ਕਰ ਸਕਦਾ ਹੈ। ਇਹਨਾਂ ਵਹੀਕਲਾਂ ਦਾ ਵੇਰਵਾ ਅਤੇ ਨਿਲਾਮੀ ਸਬੰਧੀ ਸ਼ਰਤਾਂ ਕਮਿਸ਼ਨਰੇਟ ਪੁਲਿਸ ਜਲੰਧਰ ਦੀ ਵੈਬਸਾਇਟ http://jalandharcity.punjabpolice.gov.in/ ਪਰ ਵੀ ਉਪਲੱਬਧ ਹਨ। ਇਹਨਾਂ ਵਹੀਕਲਾਂ ਦੀ ਨਿਲਾਮੀ ਸ਼ਰਤਾਂ ਦਾ ਵੇਰਵਾ ਹੇਠ ਲਿੱਖੇ ਅਨੁਸਾਰ ਹੈ :

1. ਇਹਨਾਂ ਵਹੀਕਲਾਂ ਨੂੰ "AS IS, WHERE IS & WHAT IS BASIS" ਦੇ ਅਧਾਰ ਤੇ ਨਿਲਾਮੀ ਕੀਤਾ ਜਾਵੇਗਾ।
2. ਹਰ ਇੱਕ ਬੋਲੀਕਾਰ ਜੋ ਬੋਲੀ ਪ੍ਰਕਿਰਿਆ ਵਿੱਚ ਭਾਗ ਲੈਣ ਲਈ ਆਵੇਗਾ। ਉਸ ਨੂੰ ਰਕਮ 10,000/-ਰੁਪਏ ਬਤੌਰ ਜਮਾਨਤ ਬੋਲੀ ਦੇਣ ਤੋਂ ਪਹਿਲਾਂ ਜਮ੍ਹਾਂ ਕਰਵਾਉਣੀ ਪਵੇਗੀ। ਸਫਲ ਬੋਲੀਕਾਰ ਵੱਲੋਂ ਜਮ੍ਹਾਂ ਕਰਾਈ ਗਈ ਜਮਾਨਤ ਰਾਸ਼ੀ ਬੋਲੀਕਾਰ ਵੱਲੋਂ ਖਰੀਦ ਕੀਤੇ ਗਏ ਵਹੀਕਲਾਂ ਦੀ ਕੀਮਤ ਵਿੱਚ ਅਡਜਸਟ ਕੀਤੀ ਜਾਵੇਗੀ ਅਤੇ ਅਸਫਲ ਬੋਲੀਕਾਰਾਂ ਨੂੰ ਜਮਾਨਤ ਦੀ ਰਕਮ ਬੋਲੀ ਹੋਣ ਤੋਂ ਬਾਅਦ ਵਾਪਸ ਕਰ ਦਿੱਤੀ ਜਾਵੇਗੀ।
3. ਜਿਸ ਵਹੀਕਲ ਦੀ ਬੋਲੀ ਮੁੰਕਮਲ ਹੋ ਜਾਂਦੀ ਹੈ ਤਾਂ ਸਬੰਧਿਤ ਸਫਲ ਬੋਲੀਕਾਰ ਨੂੰ ਕੁੱਲ ਬੋਲੀ ਦੀ ਕੀਮਤ ਦਾ ¼ ਹਿੱਸਾ ਮੌਕਾ ਤੇ ਜਮ੍ਹਾਂ ਕਰਵਾਉਣਾ ਪਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਬੰਧਿਤ ਵਹੀਕਲ ਦੀ ਬੋਲੀ ਨੂੰ ਰੱਦ ਕੀਤਾ ਜਾ ਸਕਦਾ ਹੈ ਅਤੇ ਜਮਾਨਤ ਰਕਮ ਨੂੰ ਜਬਤ ਕਰ ਲਿਆ ਜਾਵੇਗਾ।
4. ਸਫਲ ਬੋਲੀਕਾਰ ਨੂੰ ਬੋਲੀ ਦੀ ਕੀਮਤ ਦਾ ਬਾਕੀ ਬੱਚਦਾ ਹਿੱਸਾ ਡੀਮਾਂਡ ਡਰਾਫਟ "IN FAVOUR OF COMMISSIONER OF POLICE, JALANDHAR" ਰਾਂਹੀ ਬੋਲੀ ਤੋਂ 02 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣਾ ਹੋਵੇਗਾ। ਸਫਲ ਬੋਲੀਕਾਰ ਵੱਲੋਂ ਜੇਕਰ ਬੋਲੀ ਦੀ ਕੁੱਲ ਰਕਮ 02 ਦਿਨਾਂ ਦੇ ਅੰਦਰ-ਅੰਦਰ ਜਮ੍ਹਾਂ ਨਹੀ ਕਰਾਈ ਗਈ ਤਾਂ ਉਸ ਵੱਲੋਂ ਬੋਲੀ ਸਮੇਂ ਬਤੌਰ ਜਮਾਨਤ ਜਮ੍ਹਾਂ ਕਰਵਾਈ ਰਕਮ ਅਤੇ ¼ ਹਿੱਸਾ ਰਕਮ ਨੂੰ ਜਬਤ ਕਰ ਲਿਆ ਜਾਵੇਗਾ ਅਤੇ ਬੋਲੀਕਾਰ ਨੂੰ ਉਕਤ ਰਕਮ ਵਾਪਸ ਲੈਣ ਦਾ ਕੋਈ ਅਧਿਕਾਰ ਨਹੀ ਹੋਵੇਗਾ।
5. ਸਫਲ ਬੋਲੀਕਾਰ ਵਹੀਕਲਾਂ ਦੀ ਸਾਰੀ ਪੇਮੈਂਟ ਅਦਾ ਕਰਨ ਤੋਂ ਬਾਅਦ 07 ਦਿਨਾਂ ਦੇ ਅੰਦਰ-ਅੰਦਰ ਵਹੀਕਲਾਂ ਨੂੰ ਲੈ ਕੇ ਜਾਣ ਲਈ ਪਾਬੰਦ ਹੋਵੇਗਾ। ਸਫਲ ਬੋਲੀਕਾਰ ਖਰੀਦ ਕੀਤੇ ਗਏ ਵਹੀਕਲਾਂ ਨੂੰ ਲੈ ਕੇ ਜਾਣ ਦਾ ਖਰਚਾ ਵੀ ਆਪ ਕਰੇਗਾ।
6. ਜੇਕਰ ਸਫਲ ਬੋਲੀਕਾਰ ਵੱਲੋਂ ਨਿਰਧਾਰਿਤ ਸਮੇਂ ਅੰਦਰ ਕੁੱਲ ਰਕਮ ਜਮ੍ਹਾਂ ਨਹੀ ਕਰਵਾਈ ਜਾਂਦੀ ਹੈ ਤਾਂ ਉਸ ਵਹੀਕਲ ਦੇ ਨੰਬਰ 02 ਬੋਲੀਕਾਰ ਦਾ ਕੋਈ ਹੱਕ ਨਹੀ ਹੋਵੇਗਾ ਅਤੇ ਬੋਲੀ ਰੱਦ ਕਰ ਦਿੱਤੀ ਜਾਵੇਗੀ ਅਤੇ ਬਾਅਦ ਵਿੱਚ ਨਿਯਮਾਂ ਅਨੁਸਾਰ ਤਾਜਾ ਬੋਲੀ ਕਰਵਾਈ ਜਾਵੇਗੀ।
7. ਜੋ ਵਿਅਕਤੀ ਇਸ ਖੁੱਲੀ ਬੋਲੀ ਵਿੱਚ ਭਾਗ ਲੈਣ ਚਾਂਹੁੰਦਾ ਹੈ ਤਾਂ ਵਹੀਕਲ ਜਿਹਨਾਂ ਦੀ ਨਿਲਾਮੀ ਕੀਤੀ ਜਾਣੀ ਹੈ, ਨੂੰ ਨਿੱਜੀ ਤੌਰ ਤੇ ਟਰੈਫਿਕ ਪੁਲਿਸ ਪੁਲਿਸ ਲਾਇਨ ਕਮਿਸ਼ਨਰੇਟ ਜਲੰਧਰ ਦੇ ਵਾਹਨ ਯਾਰਡ ਵਿੱਚ ਜਾ ਕੇ ਵੇਖ ਸਕਦਾ ਹੈ ਅਤੇ ਬੋਲੀ ਪ੍ਰਕਿਰਿਆ ਮੁੰਕਮਲ ਹੋਣ ਤੋਂ ਬਾਅਦ ਕੋਈ ਕਿੰਤੂ ਪ੍ਰੰਤੂ ਕਰਨ ਦਾ ਅਧਿਕਾਰ ਨਹੀ ਹੋਵੇਗਾ।
8. ਪ੍ਰਸ਼ਾਸ਼ਨਿਕ ਕਾਰਨਾਂ ਕਰਕੇ ਬੋਲੀ ਦੀ ਮਿਤੀ ਨੂੰ ਅੱਗੇ ਵਧਾਉਣ ਦਾ ਅਧਿਕਾਰ ਵੀ ਕਮੇਟੀ ਨੂੰ ਹੋਵੇਗਾ।

9. ਇਸ ਖੁੱਲੀ ਬੋਲੀ ਦੀ ਸਾਰੀ ਪ੍ਰਕਿਰਿਆ ਪਾਰਦਰਸ਼ੀ ਢੰਗ ਰਾਹੀਂ ਸਮੂਹ ਹਾਜਰੀਨ ਬੋਲੀਕਾਰਾਂ ਦੀ ਹਾਜਰੀ ਵਿੱਚ ਕੀਤੀ ਜਾਵੇਗੀ ਅਤੇ ਬੋਲੀਕਾਰ ਨੂੰ ਬੋਲੀ ਸਮੇਂ ਬੋਲਣ ਦਾ ਪੂਰਾ ਅਧਿਕਾਰ ਹੋਵੇਗਾ।
10. ਬੋਲੀਕਾਰ ਨੂੰ ਖੁੱਲੀ ਬੋਲੀ ਵਿੱਚ ਸ਼ਾਮਲ ਹੋਣ ਲਈ ਖੁਦ ਦੇ ਖਰਚੇ ਤੇ ਆਉਣਾ ਹੋਵੇਗਾ ਅਤੇ ਸਫਲ ਬੋਲੀਕਾਰ ਵੱਲੋਂ ਖਰੀਦ ਕੀਤੇ ਇਹਨਾਂ ਵਹੀਕਲਾਂ ਦੀ ਢੋਆ-ਢੁਆਈ ਦਾ ਖਰਚਾ ਖੁਦ ਕਰਨਾ ਪਵੇਗਾ। ਉਹ ਅਜਿਹਾ ਖਰਚਾ ਕਲੇਮ ਕਰਨ ਦਾ ਅਧਿਕਾਰੀ ਨਹੀ ਹੋਵੇਗਾ।
11. ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਬੋਲੀ ਵਿੱਚ ਸਾਰੇ ਵਹੀਕਲ ਬਤੌਰ ਸਕਰੈਪ ਨਿਪਟਾਏ ਜਾ ਰਹੇ ਅਤੇ ਕੋਈ ਵੀ ਵਹੀਕਲ ਨੂੰ ਦੁਬਾਰਾ ਸ਼ੜ੍ਹਕ ਤੇ ਚੱਲਣ ਦਾ ਅਧਿਕਾਰ ਨਹੀ ਹੋਵੇਗਾ।
12. ਗਠਿਤ ਕਮੇਟੀ ਨੂੰ ਬੋਲੀ ਸਮੇਂ ਉਪਰੋਕਤ ਸ਼ਰਤਾਂ ਵਿੱਚ ਵਾਧਾ-ਘਾਟਾ ਕਰਨ ਦਾ ਪੂਰਾ ਅਧਿਕਾਰ ਹੋਵੇਗਾ।
13. ਸਫਲ ਬੋਲੀਕਾਰ ਨੂੰ ਬੋਲੀ ਦੀ ਕੁੱਲ ਕੀਮਤ ਦਾ ਬਣਦਾ 18% GST ਵਖੱਰਾ ਦੇਣਾ ਹੋਵੇਗਾ।
14. ਵਹੀਕਲਾਂ ਦੀ ਨਿਲਾਮੀ ਸਬੰਧੀ ਜਾਣਕਾਰੀ ਲੈਣ ਲਈ ਟਰੈਫਿਕ ਪੁਲਿਸ ਹੈਲਪਲਾਇਨ ਨੰਬਰ 0181-2227296 ਪਰ ਸਪੰਰਕ ਕੀਤਾ ਜਾ ਸਕਦਾ ਹੈ।

ਡਿਪਟੀ ਕਮਿਸ਼ਨਰ ਪੁਲਿਸ,
ਇੰਨਵੈਸਟੀਗੇਸ਼ਨ, ਜਲੰਧਰ।
ਵਾਸਤੇ/ਕਮਿਸ਼ਨਰ ਪੁਲਿਸ, ਜਲੰਧਰ।